## ਉੱਨਤ ਕਿਸਮਾਂ

### ਏ ਪੀ–3



- ਇਹ ਅਗੇਤੀ ਕਿਸਮ ਹੈ।-70 ਦਿਨਾਂ ਵਿੱਚ ਪਹਿਲੀ ਤੁੜਾਈ  ਵਾਸਤੇ ਤਿਆਰ ਹੋ ਜਾਂਦੀ ਹੈ, ਜੇਕਰ ਇਸ ਨੂੰ ਅਕਤੂਬਰ ਦੇ ਦੂਜੇ ਹਫਤੇ ਬੀਜਿਆ ਜਾਵੇ।
- ਝਾੜ 31.5 ਕੁਇੰਟਲ ਪ੍ਰਤੀ ਏਕੜ

### ਮਟਰ ਅਗੇਤਾ–7



- ਇਹ ਅਗੇਤੀ ਕਿਸਮ 65-70 ਦਿਨਾਂ ਵਿੱਚ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ ।
- ਝਾੜ 32.0 ਕੁਇੰਟਲ ਪ੍ਰਤੀ ਏਕੜ

### ਮਟਰ ਅਗੇਤਾ–6




- ਇਹ ਕਿਸਮ ਗਰਮੀ ਸਹਾਰ ਸਕਦੀ ਹੈ  ਅਤੇ ਅਗੇਤੀ ਪੱਕਦੀ ਹੈ ।
- ਬਿਜਾਈ ਤੋਂ 7 ਹਫ਼ਤੇ ਪਿੱਛੋਂ ਇਸ ਦੀਆਂ ਫ਼ਲੀਆਂ ਪਹਿਲੀ ਤੁੜਾਈ ਲਈ ਤਿਆਰ ਹੁੰਦੀਆਂ ਹਨ ।
- ਝਾੜ 24.6 ਕੁਇੰਟਲ ਪ੍ਰਤੀ ਏਕੜ

### ਅਰਕਲ



- ਦਾਣੇ ਸੁੱਕ ਕੇ ਹਲਕੇ ਹਰੇ ਅਤੇ ਝੁਰੜੀਦਾਰ ਹੋ ਜਾਦੇ ਹਨ ।
- ਇਸ ਕਿਸਮ ਦੇ ਦਾਣੇ ਸੁਕਾਉਣ ਲਈ ਬਹੁਤ ਚੰਗੇ ਹਨ। ਇਹ ਕਿਸਮ ਅਕਤੂਬਰ ਦੇ ਪਹਿਲੇ ਹਫ਼ਤੇ ਸੇਂਜੂ ਹਾਲਤਾਂ ਲਈ ਢੁੱਕਵੀਂ ਹੈ ।
- ਝਾੜ 18-20 ਕੁਇੰਟਲ ਪ੍ਰਤੀ ਏਕੜ

### ਪੰਜਾਬ 89




- ਫ਼ਲੀਆਂ ਜੋੜਿਆਂ ਵਿੱਚ ਲੱਗਦੀਆਂ ਹਨ । ਇਹ ਕਿਸਮ 90 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ ।
- ਇਸਦੇ ਦਾਣੇ ਬੜੇ ਮਿੱਠੇ ਹੁੰਦੇ ਹਨ ਅਤੇ ਇਸਦੀਆਂ ਫ਼ਲੀਆਂ ਵਿਚੋਂ 55 ਪ੍ਰਤੀਸ਼ਤ ਦਾਣੇ ਨਿਕਲਦੇ ਹਨ ।
- ਝਾੜ 60 ਕੁਇੰਟਲ ਪ੍ਰਤੀ ਏਕੜ

**ਮਿੱਠੀ ਫ਼ਲੀ**

- ਪਹਿਲੀ ਤੁੜਾਈ ਬਿਜਾਈ ਤੋਂ 90 ਦਿਨ ਪਿੱਛੋਂ ਹੋ ਸਕਦੀ ਹੈ ।
- ਦਾਣੇ ਕੱਢਣ ਦੀ ਲੋੜ ਨਹੀਂ ਅਤੇ ਸਾਬਤ ਫ਼ਲੀ ਖਾਣ ਯੋਗ ਹੈ ।
- ਇਹ ਪ੍ਰੋਟੀਨ ਅਤੇ ਮਿਠਾਸ ਨਾਲ ਭਰਪੂਰ ਹੈ ।
- ਝਾੜ 47 ਕੁਇੰਟਲ ਪ੍ਰਤੀ ਏਕੜ



## ਬਿਜਾਈ ਤੇ ਬੀਜ ਦੀ ਮਾਤਰਾ

- ਸਤੰਬਰ ਦੇ ਮਹੀਨੇ ਵਿੱਚ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ । ਇਸ ਲਈ ਮੈਦਾਨੀ ਇਲਾਕਿਆਂ ਵਿੱਚ ਬਿਜਾਈ ਕਰਨ ਲਈ ਸਭ ਤੋਂ ਉੱਤਮ ਸਮਾਂ ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਹੈ।
- **ਟੀਕਾ** : ਮਟਰ ਨੂੰ ਰਾਈਜ਼ੋਬੀਅਮ ਦਾ ਟੀਕਾ ਲਾਉਣ ਨਾਲ ਝਾੜ ਵੱਧ ਜਾਂਦਾ ਹੈ।ਅੱਧਾ ਲਿਟਰ ਪਾਣੀ ਵਿੱਚ ਇੱਕ ਏਕੜ ਦਾ ਟੀਕਾ ਰਲਾ ਦਿਉ ਅਤੇ ਫੇਰ ਇਸ ਘੋਲ ਨੂੰ ਬੀਜ ਵਿੱਚ ਚੰਗੀ ਤਰ੍ਹਾਂ ਮਿਲਾ ਦਿਉ । ਬੀਜ ਨੂੰ ਛਾਵੇਂ ਸੁਕਾ ਕੇ, ਉਸੇ ਦਿਨ ਖੇਤ ਵਿੱਚ ਬੀਜ ਦਿਉ ।
- ਅਗੇਤੀਆਂ ਕਿਸਮਾਂ ਲਈ 45 ਕਿਲੋ ਅਤੇ ਮੁੱਖ ਸਮੇਂ ਦੀਆਂ ਕਿਸਮਾਂ ਲਈ 30 ਕਿਲੋ ਬੀਜ ਦੀ ਪ੍ਰਤੀ ਏਕੜ ਲੋੜ ਹੈ ।
- ਅਗੇਤੀਆਂ ਕਿਸਮਾਂ ਲਈ ਫ਼ਾਸਲਾ 30×7.5 ਸੈਂਟੀਮੀਟਰ ਤੇ ਮੁੱਖ ਮੌਸਮ ਦੀਆਂ ਕਿਸਮਾਂ ਲਈ 30×10 ਸੈਂਟੀਮੀਟਰ ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ।
- ਮਟਰਾਂ ਦੀ ਬਿਜਾਈ ਬੀਜ ਖਾਦ ਡਰਿੱਲ ਨਾਲ 60 ਸੈਂਟੀਮੀਟਰ ਵਾਲੀਆਂ ਵੱਟਾਂ ਤੇ ਕੀਤੀ ਜਾ ਸਕਦੀ ਹੈ । ਇਹ ਡਰਿੱਲ ਹਰ ਵੱਟ ਉੱਤੇ 25 ਸੈਂਟੀਮੀਟਰ ਦੂਰੀ ਦੀਆਂ ਦੋ ਕਤਾਰਾਂ ਵਿੱਚ ਬਿਜਾਈ ਕਰ ਦਿੰਦੀ ਹੈ । ਇਸ ਡਰਿੱਲ ਨਾਲ ਇੱਕ ਘੰਟੇ ਵਿੱਚ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ ।

## ਸਿੰਚਾਈ

**ਖਾਲਾਂ ਰਾਹੀ:**

- ਬਿਜਾਈ ਠੀਕ ਵੱਤਰ ਵਿੱਚ ਕਰੋ । ਪਹਿਲਾ ਪਾਣੀ ਬਿਜਾਈ ਤੋਂ 15 ਦਿਨ ਬਾਅਦ, ਦੂਜਾ ਫੁੱਲ ਆਉਣ ਤੇ ਅਤੇ ਫਿਰ ਫ਼ਲ ਪੈਣ ਤੇ ਜੇ ਜ਼ਰੂਰਤ ਹੋਵੇ ਤਾਂ ਲਾਓ । ਮਟਰ ਦੀ ਫ਼ਸਲ ਬਰਾਨੀ ਹਾਲਤਾਂ ਵਿੱਚ ਵੀ ਘੱਟ ਸਿੰਚਾਈਆਂ ਨਾਲ ਉੱਗਾਈ ਜਾ ਸਕਦੀ ਹੈ । ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਕ ਕੁੱਲ 3-4 ਪਾਣੀਆਂ ਦੀ ਲੋੜ ਹੈ ।

**ਤੁਪਕਾ ਸਿੰਚਾਈ ਵਿਧੀ ਰਾਹੀਂ:**

- ਇਸ ਵਿਧੀ ਲਈ ਮੀਟਰ ਦੀਆਂ 2 ਕਤਾਰਾਂ 40 ਸੈਂਟੀਮੀਟਰ ਚੌੜੇ ਬੈੱਡ ਤੇ ਲਾਉ ਅਤੇ ਕਤਾਰਾਂ ਦੇ ਵਿੱਚ ਫ਼ਾਸਲਾ 25 ਸੈਂਟੀਮੀਟਰ ਰੱਖੋ । ਦੋ ਬੈੱਡਾਂ ਵਿਚਕਾਰ ਫਾਸਲਾ 20 ਸੈਂਟੀਮੀਟਰ ਰੱਖੋ ।
- ਇਸ ਵਿਧੀ ਨਾਲ ਸਿੰਚਾਈ 3 ਦਿਨਾਂ ਦੇ ਅੰਤਰ ਤੇ ਕੀਤੀ ਜਾਂਦੀ ਹੈ ।
- ਬਿਜਾਈ ਤੋਂ ਬਾਅਦ ਪਹਿਲੇ 15 ਦਿਨ ਅਤੇ ਫ਼ਸਲ ਖਤਮ ਹੋਣ ਤੋਂ 10 ਦਿਨ ਪਹਿਲਾਂ ਪਾਣੀ ਨਾ ਦਿਉ ।
- ਇਸ ਲਈ ਲੇਟਰਲ ਤੇ ਡਰਿਪਰ ਤੋਂ ਡਰਿਪਰ ਦੀ ਦੂਰੀ 30 ਸੈਂਟੀਮੀਟਰ ਅਤੇ 2.2 ਲਿਟਰ ਪ੍ਰਤੀ ਘੰਟੇ ਦਾ ਡਿਸਚਾਰਚ ਹੋਵੇ ਤਾਂ ਹੇਠ ਲਿਖੀ ਸਾਰਨੀ ਅਨੁਸਾਰ ਸਿੰਚਾਈ ਕਰੋ ।

| ਮਹੀਨਾ | ਪਾਣੀ ਦੇਣ ਦਾ ਸਮਾਂ (ਮਿੰਟਾਂ ਵਿੱਚ) |
|---|---|
| ਨਵੰਬਰ | 15 |
| ਦਸੰਬਰ | 15 |
| ਜਨਵਰੀ | 20 |
| ਫਰਵਰੀ | 25 |

## ਫਰਟੀਗੇਸ਼ਨ

- 27 ਕਿੱਲੋ ਅਤੇ 33 ਕਿੱਲੋ ਮੋਨੋ ਅਮੋਨੀਅਮ ਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ।ਅਜਿਹਾ ਕਰਨ ਨਾਲ 20% ਖਾਦਾਂ ਦੀ ਬੱਚਤ ਹੁੰਦੀ ਹੈ ।

## ਖਾਦਾਂ

- 8 ਟਨ ਗਲੀ ਸੜੀ ਰੂੜੀ ਬਿਜਾਈ ਤੋਂ 10-15 ਦਿਨ ਪਹਿਲਾਂ ਪਾ ਦਿਓ।
- 45 ਕਿਲੋ ਯੂਰੀਆ155 ਕਿਲੋ ਸੁਪਰਫ਼ਾਸਫ਼ੇਟਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ ਪਹਿਲਾਂ ਪਾਉ ।

## ਨਦੀਨਾਂ ਦੀ ਰੋਕਥਾਮ

- ਮਟਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) ਇੱਕ ਲਿਟਰ ਜਾਂ ਐਫ਼ਾਲੋਨ 50 ਤਾਕਤ (ਲੀਨੂਰੋਨ) 500 ਗ੍ਰਾਮ ਪ੍ਰਤੀ ਏਕੜ, ਨਦੀਨ ਉੱਗਣ ਤੋਂ ਪਹਿਲਾਂ ਬਿਜਾਈ ਤੋਂ ਦੋ ਦਿਨਾਂ ਦੇ ਵਿੱਚ ਵਰਤੋ ।
- ਨਦੀਨ ਨਾਸ਼ਕ ਨੂੰ 150 ਤੋਂ 200 ਲਿਟਰ ਪਾਣੀ ਵਿੱਚ ਘੋਲ ਲਵੋ ਅਤੇ ਖੇਤ ਵਿੱਚ ਇੱਕਸਾਰ ਛਿੜਕਾਅ ਕਰੋ ।

## ਕੀੜੇ-ਮਕੌੜੇ

### ਮਟਰਾਂ ਦਾ ਥਰਿੱਪ (ਜੂੰ)

- ਇਹ ਕੀੜਾ ਰਸ ਚੂਸ ਕੇ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ।

**ਰੋਕਥਾਮ**

ਹਮਲਾ ਹੋਣ ਦੀ ਸੂਰਤ ਵਿੱਚ 400 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

### ਮਟਰ ਦੇ ਸੁਰੰਗੀ ਕੀੜੇ ਅਤੇ ਚੇਪਾ (ਤੇਲਾ)

- ਇਸ ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਲੈਂਦੀਆਂ ਹਨ ਅਤੇ ਪੱਤੇ ਨੂੰ ਅੰਦਰੋਂ ਖਾਂਦੀਆਂ ਹਨ। ਚੇਪਾ ਵੀ ਰਸ ਚੂਸਦਾ ਹੈ ਜਿਸ ਕਾਰਨ ਪੱਤੇ ਪੀਲੇ ਪੈ ਜਾਂਦੇ ਹਨ।

**ਰੋਕਥਾਮ**

ਇਨ੍ਹਾਂ ਦੀ ਰੋਕਥਾਮ ਲਈ ਵੀ ਉਹੀ ਵਿਧੀ ਅਪਣਾਉ ਜੋ ਕਿ ਥਰਿੱਪ ਦੀ ਰੋਕਥਾਮ ਵਾਸਤੇ ਦੱਸੀ ਗਈ ਹੈ।

### ਮਟਰਾਂ ਦੇ ਤਣੇ ਦੀ ਮੱਖੀ

- ਇਹ ਕੀੜਾ ਬੀਜ ਉੱਗਣ ਸਮੇਂ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ।

**ਰੋਕਥਾਮ**

ਬਿਜਾਈ ਸਮੇਂ ਸਿਆੜਾਂ ਵਿੱਚ 10 ਜੀ (ਫੋਰੇਟ) ਜਾਂ 10 ਕਿਲੋ ਫਿਊਰਾਡਾਨ 3 ਜੀ (ਕਾਰਬੋਫੂਰਾਨ) ਦਾਣੇਦਾਰ ਪ੍ਰਤੀ ਏਕੜ ਸਿਆੜਾਂ ਵਿੱਚ ਪਾਉ। ਕੀੜੇ ਦੇ ਹਮਲੇ ਤੋਂ ਬਚਾਅ ਲਈ ਬਿਜਾਈ ਅਕਤੂਬਰ ਦੇ ਦੂਜੇ ਪੰਦਰ੍ਹਵਾੜੇ ਵਿੱਚ ਕਰੋ।

## ਬਿਮਾਰੀਆਂ

### ਚਿੱਟੋਂ

- ਪੌਦਿਆਂ ਦੇ ਤਣਿਆਂ, ਟਹਿਣੀਆਂ, ਪੱਤਿਆਂ ਅਤੇ ਫਲੀਆਂ ਤੇ ਚਿੱਟੇ ਆਟੇ ਵਰਗੇ ਧੱਬੇ ਪੈਦਾ ਹੋ ਜਾਂਦੇ ਹਨ।

**ਰੋਕਥਾਮ**

- ਫਸਲ ਉੱਤੇ 80 ਮਿ.ਲਿ. ਕੈਰਾਥੇਨ ਜਾਂ 600 ਗ੍ਰਾਮ ਸਲਫੈਕਸ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ 3 ਛਿੜਕਾਅ 10 ਦਿਨਾਂ ਦੇ ਵਕਫੇ ਤੇ ਕਰੋ।



## ਉਖੇੜਾਂ ਤੇ ਜੜ੍ਹਾਂ ਅਤੇ ਗਿੱਚੀ ਦਾ ਗਲਣਾ



- ਰੋਗ ਦੇ ਹਮਲੇ ਨਾਲ ਜੜ੍ਹਾਂ ਗਲ੍ਹ ਜਾਂਦੀਆਂ ਹਨ।
- ਹੇਠਲੇ ਪੱਤੇ ਪੀਲੇ ਪੈ ਜਾਂਦੇ ਹਨ।
- ਗਿੱਚੀ ਵਾਲੇ ਭਾਗ ਤੇ ਲਾਲ ਭੂਰੇ ਧੱਬੇ ਪੈਦਾ ਹੋ ਜਾਂਦੇ ਹਨ।

**ਰੋਕਥਾਮ**

- ਬੀਜ ਨੂੰ ਬੀਜਣ ਤੋਂ ਪਹਿਲਾਂ 1 ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਣ ਪ੍ਰਤੀ ਕਿੱਲੋ ਬੀਜ, ਨਾਲ ਸੋਧ ਕੇ ਬੀਜਣਾ ਚਾਹੀਦਾ ਹੈ।

## ਕੁੰਗੀ



- ਦਸੰਬਰ-ਜਨਵਰੀ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਪੀਲੇ ਤੇ ਭੂਰੇ ਰੰਗ ਦੇ ਗੋਲ ਉੱਭਰਵੇਂ ਧੱਬੇ ਪੈਦਾ ਹੋ ਜਾਂਦੇ ਹਨ।
  ਦਸੰਬਰ ਦੇ ਅਖੀਰਲੇ ਹਫਤੇ 400 ਗ੍ਰਾਮ ਇੰਡੋਫਿਲ ਐਮ-45, 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ ਅਤੇ 10 ਦਿਨਾਂ ਦੇ ਵਕਫੇ ਤੇ ਤਿੰਨ ਛਿੜਕਾਅ ਹੋਰ ਕਰੋ।

**ਰੋਕਥਾਮ**

- ਫਸਲ ਉੱਤੇ 80 ਮਿ.ਲਿ. ਕੈਰਾਥੇਨ ਜਾਂ 600 ਗ੍ਰਾਮ ਸਲਫੈਕਸ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ 3 ਛਿੜਕਾਅ 10 ਦਿਨਾਂ ਦੇ ਵਕਫੇ ਤੇ ਕਰੋ।